# 5

# ਢੰਗ

ਬਾਈਬਲ ਦੀ ਇਹ ਮਸ਼ਹੂਰ ਆਇਤ ਹੈ: ''ਅਤੇ ਜੇ ਮੇਰੇ ਲੋਕ ਜੋ ਮੇਰੇ ਨਾਮ ਤੋਂ ਸਦਾਉਂਦੇ ਹਨ, ਆਪਣੇ ਆਪ ਨੂੰ ਹਲੀਮ ਕਰਨ, ਅਤੇ ਦੁਆ ਕਰਨ, ਮੇਰੇ ਚਿਹਰੇ ਨੂੰ ਭਾਲਣ, ਅਤੇ ਆਪਣੇ ਭੈੜੇ ਰਾਹਾਂ ਤੋਂ ਮੁੜ ਆਉਣ ਤਾਂ ਮੈਂ ਸੁਰਗ ਤੋਂ ਸੁਣ ਕੇ ਉਨ੍ਹਾਂ ਦਾ ਪਾਪ ਮਾਫ਼ ਕਰਾਂਗਾ ਅਤੇ ਉਨ੍ਹਾਂ ਦੀ ਜ਼ਮੀਨ ਨੂੰ ਚੰਗਿਆਂ ਕਰ ਦਿਆਂਗਾ'' (2 ਇਤਿਹਾਸ 7:14; KJV)। ਇਕ ਸਮਾਂ ਸੀ ਜਦ ਇਹ ਆਇਤ ਬਹੁਤ ਮਸ਼ਹੂਰ ਸੀ, ਪਰ ਅੱਜ ਇਸਨੂੰ ਕੋਈ ਪੁੱਛਦਾ ਵੀ ਨਹੀਂ। ਜਦ ਇਸ ਦੀ ਵਰਤੋਂ ਹੁੰਦੀ ਹੈ ਤਾਂ ਅਕਸਰ ਇਸ ਨੂੰ ਦੇਸ਼ਭਗਤੀ ਨਾਲ ਜੋੜਿਆ ਜਾਂਦਾ ਹੈ। ਜਦਕਿ ਇਸ ਦਾ ਸੰਦਰਭ ਦੁਆ ਹੈ। ਸੁਲੇਮਾਨ ਵੱਲੋਂ ਬਣਾਈ ਗਈ ਹੈਕਲ ਮਖ਼ਸੂਸ ਕੀਤੀ ਜਾ ਰਹੀ ਸੀ। ਇਹ ਦਿਨ ਇਸਰਾਏਲ ਲਈ ਮਹਾਨ ਦਿਨਾਂ ਵਿੱਚੋਂ ਇਕ ਸੀ। 2 ਇਤਿਹਾਸ 6 ਵਿਚ ਸੁਲੇਮਾਨ ਨੇ ''ਹੈਕਲ ਦੀ ਦੁਆ'' ਕੀਤੀ ਸੀ। ਖ਼ੁਦਾ ਨੇ ਇਹ ਦੁਆ ਕਬੂਲ ਕਰ ਲਈ। ਇਸ ਦੁਆ ਦਾ ਖ਼ੁਦਾ ਦਾ ਜਵਾਬ ਆਇਤ 7 ਵਿਚ ਮਿਲਦਾ ਹੈ। ਇਹ ਸਾਡੇ ਇਸ ਹਵਾਲੇ ਦਾ ਸੰਦਰਭ ਹੈ। ਇਸ ਨੂੰ ਪੜ੍ਹੋ ... ਇਸ ਨੂੰ ਜਾਣੋ। ਸਾਡੇ ਇਸ ਹਵਾਲੇ ਤੋਂ ਦੁਆ ਦੀ ਬਾਈਬਲ ਦੀ ਫ਼ਿਲਾਸਫ਼ੀ ਦਾ ਪਤਾ ਲਗਦਾ ਹੈ। ਸਚਮੁਚ, 2 ਇਤਿਹਾਸ 7:14 ਵਿਚਲੀ ਆਇਤ ਦੁਆ ਹੀ ਹੈ।

ਬੰਦਗੀ ਅਤੇ ਦੁਆ ਵਿਚ ਢੰਗ ਦਾ ਬੜਾ ਮਹੱਤਵ ਹੈ। ਅੱਜ ਲੋਕ ਇਸ ਨੂੰ ਭੁੱਲ ਹੀ ਗਏ ਹਨ। ਦੁਆ ਕਰਨ ਦਾ ਇਕ ਢੰਗ ਦੱਸਿਆ ਗਿਆ ਹੈ। ਸੁਲੇਮਾਨ ਬਾਦਸ਼ਾਹ ਨੇ ਹੈਕਲ ਦੇ ਸਮਰਪਣ ਸਮੇਂ ਸਭ ਗੋਤਰਾਂ ਦੇ ਬਜ਼ੁਰਗਾਂ ਅਤੇ ਯਾਜਕਾਂ ਨੂੰ ਸੱਦਿਆ ਸੀ। ਸਭ ਜ਼ਰੂਰੀ ਵਸਤਾਂ ਉੱਥੇ ਰੱਖੀਆਂ ਗਈਆਂ ਸਨ। ਉਸ ਦਿਨ ਨੂੰ ਪਵਿੱਤਰ ਦਿਨ ਐਲਾਨਿਆ ਗਿਆ ਸੀ। ਢੰਗ ਦਾ ਆਪਣਾ ਮਹੱਤਵ ਹੈ। ਖ਼ੁਦਾ ਢੰਗ ਜਾਂ ਨਿਅਮ ਦੇਣ ਵਾਲਾ ਖ਼ੁਦਾ ਹੈ। ਇਸਰਾਏਲ ਸੰਗਠਿਤ ਸੀ ਅਤੇ ਉਸ ਵਿਚ ਸ਼ਾਂਤੀ ਸੀ।

(1) *''ਜੇ ਮੇਰੇ ਲੋਕ ਜੋ ਮੇਰੇ ਨਾਮ ਤੋਂ ਸਦਾਉਂਦੇ ਹਨ, ...''* ਦੁਆ ਖ਼ੁਦਾ ਦੇ ਲੋਕਾਂ ਲਈ ਸਭ ਤੋਂ ਵਿਲੱਖਣ ਬਰਕਤ ਹਨ। ਅਪਵਾਦ ਹੋ ਸਕਦੇ ਹਨ, ਜਿੱਥੇ ਖ਼ੁਦਾ ਪਾਪੀਆਂ ਦੀ ਦੁਆ ਨਹੀਂ ਸੁਣਦਾ, ਪਰ ਇਹ ਕੋਈ ਨਿਅਮ ਨਹੀਂ ਹੈ।[1] ਦੁਆ ਉਸਦੇ ਪਰਿਵਾਰ ਦੇ ਲੋਕਾਂ ਲਈ ਹੈ। ''ਯਿਸੂ ਦੇ ਨਾਮ ਵਿਚ ਦੁਆ'' ਦੇ ਅਧਿਐਨ ਵਿਚ ਕਈ ਵਾਰ ਅਸੀਂ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਖ਼ੁਦਾ ਆਪਣੇ ਬੱਚਿਆਂ ਦੀ ਦੁਆ ਸੁਣਦਾ ਅਤੇ ਉਸਦਾ ਜਵਾਬ ਦਿੰਦਾ ਹੈ। ਸਾਡਾ ਇਹ ਹਵਾਲਾ ਯਰੂਸ਼ਲਮ ਵਿਚ ਖ਼ੁਦਾ ਦੀ ਹੈਕਲ ਦਾ ਹੈ। ਪੂਰੀ ਕੌਮ ਖ਼ੁਦਾ ਦੀ ਬੰਦਗੀ ਕਰਨ ਲਈ ਇਕੱਠੀ ਹੋਈ ਸੀ। ਇਹ ਦੁਆ ਦੀ ਜ਼ਮੀਨ ਹੈ।

(2) *''ਆਪਣੇ ਆਪ ਨੂੰ ਹਲੀਮ ਕਰਨ।''* ਦੁਆ ਦੀ ਪਾਠਸ਼ਾਲਾ ਵਿਚ ਹਰ ਕਦਮ ਗੰਭੀਰ ਹੈ। ਦੁਆ ਤੋਂ ਪਹਿਲਾਂ ਦੀਨਤਾ ਆਉਂਦੀ ਹੈ। ਦੁਆ ਤੋਂ ਪਹਿਲਾਂ ਤੌਬਾ ਆਉਂਦੀ ਹੈ। ਘਮੰਡੀ ਆਦਮੀ ਦੁਆ ਨਹੀਂ ਕਰ ਸਕਦਾ। ਸਾਡੀ ਇਹ ਆਇਤ ਖ਼ੁਦਾ ਦੀ ਮੌਜੂਦਗੀ ਦਾ ਧਿਆਨ ਦੁਆਉਂਦੀ ਹੈ। ਹੈਕਲ ਦੇ ਸਮਰਪਣ ਕੀਤੇ ਵੇਲੇ ਖ਼ੁਦਾ ''ਅਤਿ ਪਵਿੱਤਰ ਅਸਥਾਨ'' ਵਿਚ ਵਾਸ ਕਰਨ ਲਈ ਆਇਆ। *ਖ਼ੁਦ ਖ਼ੁਦਾ!* ਖ਼ੁਦਾ ਦੀ ਵਡਿਆਈ ਹੋਵੇ! ਦੁਆ ਦਾ ਮੂਲ ਇਹੀ ਹੈ। ਖ਼ੁਦਾ ਨੂੰ ਦੇਖਣਾ ਬੰਦਗੀ ਅਤੇ ਦੁਆ ਦੇ ਕਾਰਣ ਹੀ ਹੁੰਦਾ ਹੈ। ਯਿਸੂ ਦਾ ਨਿਰਾਲਾ ਵਿਹਾਰ ਉਸਦੀ ਦੀਨਤਾ ਸੀ। ਯੂਨਾਨੀ ਲੋਕ ਹਲੀਮੀ ਨੂੰ ਤੁੱਛ ਮੰਨਦੇ ਸਨ। ਉਨ੍ਹਾਂ ਨੂੰ ਇਹ ਕਮਜ਼ੋਰੀ ਲਗਦੀ ਸੀ। ਹਲੀਮੀ ਦਾ ਮਤਲਬ ਦੂਜੇ ਉੱਤੇ ਨਿਰਭਰ ਹੋਣਾ ਹੈ। ਹਲੀਮੀ ਬੇਬੱਸ ਹੋਣ ਨੂੰ ਮੰਨ ਲੈਣਾ ਹੈ। ਹਲੀਮੀ ਇਮਾਨਦਾਰੀ ਭਾਵ ਹਕੀਕਤ ਹੈ।

(3) *''ਦੁਆ ਕਰਨ।''* ਲੋੜਵੰਦ ਲੋਕ ਹੀ ਦੁਆ ਕਰਦੇ ਹਨ। ਪਸ਼ਚਾਤਾਪੀ ਪਾਪੀ ਹੀ ਦੁਆ ਕਰਦੇ ਹਨ। ਦੁਆ ਨਵੇਂ ਸਿਰਿਓਂ ਸ਼ੁਰੂ ਕਰਨ ਅਤੇ ਸੁਧਾਰ ਕਰਨ ਦੀ ਬੁਨਿਆਦ ਹੈ। ਨਵਾਂਪਣ ਸਿਰਫ਼ ਦੁਆ ਨਾਲ ਹੀ ਮਿਲਦਾ ਹੈ। ''ਪਹਿਲਾਂ ਦੁਆ ਕਰੋ।'' ਭੱਜੋ ਨਹੀਂ, ਲੁਕੋ ਨਾ, ਦੋਸ਼ ਨਾ ਲਗਾਓ, ਇਨਕਾਰ ਨਾ ਕਰੋ, ਲੜੋ ਨਾ, ਬਲਕਿ *ਦੁਆ ਕਰੋ*। ''ਭੁਗਤਣ ਲਈ ਤਿਆਰ ਰਹੋ!'' ''ਖ਼ੁਦਾ ਦੇ ਸਾਹਮਣੇ ਸ਼ੁੱਧ ਹੋ ਕੇ ਆਓ।'' ਖ਼ੁਦਾ ਨਹੀਂ ਚਾਹੁੰਦਾ ਕਿ ਅਸੀਂ ਡਿੱਗੀਏ। ਪਰ ਜੇ ਡਿੱਗ ਜਾਂਦੇ ਹਾਂ ਤਾਂ ਉਹ ਚਾਹੁੰਦਾ ਹੈ ਕਿ ਅਸੀਂ ਵਾਪਸ ਆ ਜਾਈਏ। ਕਿੰਨਾ ਦਿਆਲੂ ਖ਼ੁਦਾ ਹੈ!

(4) *''ਮੇਰੇ ਚਿਹਰੇ ਨੂੰ ਭਾਲਣ।''* ਇਹ ਦਿਲਖਿਚਵਾਂ ਕਥਨ ਹੈ! ਇਸ ਤੇ ਧਿਆਨ ਕਰੋ! ਉਸ ਨੇ ਇਹ ਨਹੀਂ ਕਿਹਾ ਕਿ ''ਮੇਰੀ ਵਿਵਸਥਾ ਨੂੰ ਭਾਲੋ''; ''ਕਲੀਸੀਆ ਵਿਚ ਆਓ''; ''ਕੁਝ ਹਫ਼ਤੇ ਤਕ ਵਫ਼ਾਦਾਰ ਰਹੋ।'' ਉਸਨੇ ਤਾਂ ਕਿਹਾ ''ਮੇਰੇ ਚਿਹਰੇ ਨੂੰ ਭਾਲੋ।'' ਬਹੁਤ ਸਾਰੇ ਲੋਕ ਖ਼ੁਦਾ ਦੀਆਂ ''ਦਾਤਾਂ'' ਤਾਂ ਪਾਉਣਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਉਸਦੀ ਮਜੂਦਗੀ ਪਸੰਦ ਨਹੀਂ ਹੈ। ਖ਼ੁਦਾ ਚਾਹੁੰਦਾ ਹੈ ਕਿ ਲੋਕ ਉਸ ਦੇ ਚਿਹਰੇ ਨੂੰ ਭਾਲਣ! ਸੱਚੀ ਦੁਆ ਖ਼ੁਦਾ ਦੀ ਭਾਲ ਹੈ। ਸਾਨੂੰ ਉਸ ਦੀ ਲੋੜ ਹੈ। ਦੁਆ ਵਿਚ ਖ਼ੁਦਾ ਦੀ ਮੌਜੂਦਗੀ ਵਿਚ ਆਓ।

(5) *''ਆਪਣੇ ਭੈੜੇ ਰਾਹਾਂ ਤੋਂ ਮੁੜ ਆਉਣ।''* ਪਾਪੀਆਂ ਲਈ ਤੌਬਾ ਕਰਨੀ ਜ਼ਰੂਰੀ ਹੈ। ਪਾਪੀਆਂ ਲਈ ਆਪਣੇ ਪਾਪਾਂ ਤੋਂ ਮੁੜਨਾ ਜ਼ਰੂਰੀ ਹੈ। ਖ਼ੁਦਾ ''ਸਸਤਾ ਫ਼ਜ਼ਲ'' ਨਹੀਂ ਦਿੰਦਾ ਹੈ, ਨਾ ਹੀ ਉਹ ਪਾਪ ਕਰਨ ਦਾ ਲਾਇਸੈਂਸ ਦਿੰਦਾ ਹੈ। ਪਾਪ ਤਾਂ ਪਾਪ ਹੀ ਹੈ, ਅਤੇ ਇਸ ਵਿਚ ਗੁਆਚੇ ਹੋਇਆਂ ਦਾ ਨਾਸ ਹੀ ਹੁੰਦਾ ਹੈ।

(6) *''ਚੰਗਿਆਂ ਕਰ ਦਿਆਂ।''* ਪਾਪੀਆਂ ਨੂੰ ਮਾਫ਼ ਕੀਤਾ ਜਾਂਦਾ ਹੈ; ਬਲਕਿ ਪੂਰੇ ਦੇਸ਼ ਨੂੰ ਚੰਗਾ ਕੀਤਾ ਜਾਂਦਾ ਹੈ। ਜਦ ਅਸੀਂ ਭੁੜਕ ਕੇ ਡਿੱਗ ਜਾਂਦੇ ਹਾਂ ਤਦ ਵੀ ਖ਼ੁਦਾ ਸਾਨੂੰ ਵਾਪਸ ਲਿਆਉਣਾ ਚਾਹੁੰਦਾ ਹੈ। ਖ਼ੁਦਾ ਸਾਡੀ ਸੁਣਦਾ ਅਤੇ ਸਾਨੂੰ ਮਾਫ਼ ਕਰਦਾ ਹੈ। ਇਹ ਆਇਤ ਸਚਮੁਚ ਮਹਾਨ ਹੈ। ਪੜ੍ਹਦੇ ਰਹੋ। ਪਸ਼ਚਾਤਾਪੀ ਨੂੰ ਮਾਫ਼ੀ ਮਿਲ ਜਾਏਗੀ, ਪਰ ਪਸ਼ਚਾਤਾਪ ਨਾ ਕਰਨ ਵਾਲੇ ਸਜ਼ਾ ਪਾਉਣਗੇ। ਖ਼ੁਦਾ ਆਪਣੀਆਂ ਚੇਤਾਵਨੀਆਂ ਦਿੰਦਾ ਹੈ। ਖ਼ੁਦਾ ਦੀਆਂ ਧਮਕੀਆਂ ਉਸਦੇ ਵਾਇਦਿਆਂ ਵਾਂਗ ਹੀ ਸੱਚ ਹਨ। ਖ਼ੁਦਾ ਆਪਣੇ *ਸਭ* ਵਾਅਦੇ ਪੂਰੇ ਕਰਦਾ ਹੈ। ਹਲੀਮ ਲੋਕ ਬਰਕਤ ਪਾਉਣਗੇ ਜਦਕਿ ਪਾਪੀ ਸਜ਼ਾ ਪਾਉਣਗੇ। ਹੈਕਲ ਵਿਚ ਖ਼ੁਦਾ ਨੇ ਸੁਲੇਮਾਨ ਨੂੰ ਇਹੀ ਦੱਸਿਆ ਸੀ।